# ਕੰਨਾਂ ਦੀਆਂ ਸਮੱਸਿਆਵਾਂ

## ਬੱਚੇ ਦੇ ਕੰਨਾਂ ਦਾ ਧਿਆਨ ਨਾਲ ਇਲਾਜ ਕੀਤਾ ਜਾਣਾ ਚਾਹੀਦਾ ਹੈ

ਕੁਝ ਖਾਸ ਸਮਿਆਂ ਤੇ ਬੱਚੇ ਦੇ ਕੰਨਾਂ ਵਿੱਚ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਜ਼ਿਆਦਾਤਰ ਬੱਚਿਆਂ ਲਈ ਸੱਤ ਸਾਲ ਦੀ ਉਮਰ ਤਕ ਕੰਨਾਂ ਦੀਆਂ ਸਮੱਸਿਆਵਾਂ ਖਤਮ ਹੋ ਜਾਣਗੀਆਂ। ਕੰਨਾਂ ਦੀਆਂ ਜ਼ਿਆਦਾਤਰ ਲਾਗਾਂ ਇੱਕ ਵਾਇਰਸ ਕਾਰਨ ਹੁੰਦੀਆਂ ਹਨ ਜੋ ਆਪਣੇ ਆਪ ਠੀਕ ਹੋ ਜਾਵੇਗਾ ਅਤੇ ਉਸਦੇ ਲਈ ਐਂਟੀਬਾਇਓਟਿਕਸ ਦੀ ਲੋੜ ਨਹੀਂ ਪਵੇਗੀ।

ਪਹਿਲੇ ਕੁਝ ਹਫ਼ਤਿਆਂ ਵਿੱਚ ਬੱਚਿਆਂ ਵਿੱਚ ਲਾਗਾਂ ਦੇ ਪ੍ਰਤੀ ਕੁਦਰਤੀ ਰੱਖਿਆ ਹੁੰਦੀ ਹੈ - ਛਾਤੀ ਦਾ ਦੁੱਧ ਪਿਲਾਉਣ ਨਾਲ ਇਹ ਵੱਧਦੀ ਹੈ। ਛੋਟੇ ਬੱਚਿਆਂ ਅਤੇ ਬੱਚਿਆਂ ਵਿੱਚ, ਬੈਕਟੀਰੀਆ ਆਸਾਨੀ ਨਾਲ ਨੱਕ ਤੋਂ ਕੰਨ ਤਕ ਚਲਾ ਜਾਂਦਾ ਹੈ। ਕੰਨ ਦੀਆਂ ਲਾਗਾਂ ਦਰਦ ਕਰਨ ਵਾਲੀਆਂ ਹੋ ਸਕਦੀਆਂ ਹਨ ਅਤੇ ਤੁਹਾਡੇ ਬੱਚੇ ਨੂੰ ਵਾਧੂ ਗਲਵਕੜੀਆਂ ਅਤੇ ਫ਼ਾਰਮਾਸਿਸਟ ਤੋਂ ਦਰਦ-ਨਿਵਾਰਕ ਦਵਾਈਆਂ ਦੀ ਲੋੜ ਹੁੰਦੀ ਹੈ। ਤੁਹਾਡੇ ਬੱਚੇ ਦੇ ਗਲੇ ਵਿੱਚ ਗ੍ਰੰਥੀਆਂ ਸੁੱਜੀਆਂ ਹੋਈਆਂ ਹੋ ਸਕਦੀਆਂ ਹਨ - ਇਹ ਸਰੀਰ ਦਾ ਲਾਗ ਨਾਲ ਲੜਨ ਦਾ ਤਰੀਕਾ ਹੁੰਦਾ ਹੈ।

ਜਿਹੜੇ ਬੱਚੇ ਅਜਿਹੇ ਘਰ ਵਿੱਚ ਰਹਿੰਦੇ ਹਨ ਜਿੱਥੇ ਲੋਕ ਤਮਾਕੂਨੋਸ਼ੀ ਕਰਦੇ ਹਨ ਜਾਂ ਜੋ ਬੱਚੇ ਦੂਜੇ ਬੱਚਿਆਂ ਦੇ ਬਹੁਤ ਜ਼ਿਆਦਾ ਸੰਪਰਕ ਵਿੱਚ ਆਉਂਦੇ ਹਨ, ਜਿਵੇਂ ਕਿ ਜੋ ਨਰਸਰੀ ਵਿੱਚ ਜਾਂਦੇ ਹਨ, ਉਹਨਾਂ ਦੇ ਕੰਨਾਂ ਵਿੱਚ ਲਾਗ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਆਪਣੇ ਬੱਚੇ ਦੇ ਕੰਨਾਂ ਨੂੰ ਸੁਰੱਖਿਅਤ ਤਰੀਕੇ ਨਾਲ ਸਾਫ ਕਰਨ ਲਈ ਆਪਣੇ ਹੈਲਥ ਵਿਜ਼ਿਟਰ ਨਾਲ ਗੱਲ ਕਰੋ ਕਿਉਂਕਿ ਉਹਨਾਂ ਨੂੰ ਆਸਾਨੀ ਨਾਲ ਨੁਕਸਾਨ ਪਹੁੰਚ ਸਕਦਾ ਹੈ।

### ਹੈਲਥ ਵਿਜ਼ਿਟਰ ਦੇ ਸੁਝਾਅ

- ਬੱਚੇ ਦੇ ਕੰਨਾਂ ਨੂੰ ਸਾਫ ਕਰਦੇ ਸਮੇਂ ਧਿਆਨ ਰੱਖਿਆ ਜਾਣਾ ਚਾਹੀਦਾ ਹੈ।
- ਕਦੇ ਵੀ ਆਪਣੇ ਬੱਚੇ ਦੇ ਕੰਨਾਂ ਦੇ ਅੰਦਰ ਕਾਟਨ ਬਡ ਦੀ ਵਰਤੋਂ ਨਾ ਕਰੋ।
- ਜੇ ਉਹਨਾਂ ਨੂੰ ਬੁਖ਼ਾਰ ਹੋਵੇ ਤਾਂ ਮੈਲ ਬਾਹਰ ਆ ਸਕਦੀ ਹੈ।
- ਬਾਹਰੀ ਖੇਤਰ ਦੇ ਆਸ-ਪਾਸ ਕੋਮਲਤਾ ਨਾਲ ਸਾਫ ਕਰਨ ਲਈ ਹਰੇਕ ਕੰਨ ਤੇ ਸਿੱਲ੍ਹੀ ਸੂਤੀ ਉਨ ਦੇ ਵੱਖਰੇ ਟੁਕੜੇ ਦੀ ਵਰਤੋਂ ਕਰੋ।

### ਕੰਨ ਦੀ ਲਾਗ ਦੇ ਸੰਕੇਤ ਕੀ ਹੁੰਦੇ ਹਨ?

ਸੰਕੇਤ ਵਧਿਆ ਹੋਇਆ ਤਾਪਮਾਨ, ਸਧਾਰਨ ਚਿੜਚਿੜਾਪਨ ਅਤੇ ਦਰਦ ਜਾਂ ਬੇਆਰਾਮੀ ਹਨ। ਉਹਨਾਂ ਦੇ ਕੰਨਾਂ ਵਿੱਚੋਂ ਪਸ ਵਰਗਾ ਪਦਾਰਥ ਵੀ ਨਿਕਲ ਸਕਦਾ ਹੈ, ਜੋ ਕਿ ਕੰਨ ਵਿੱਚ ਬੰਦ ਹੋਇਆ ਮਹਿਸੂਸ ਕਰਨ ਜਾਂ ਸੁਣਨਾ ਬੰਦ ਹੋਣ ਨਾਲ ਵੀ ਸਬੰਧਤ ਹੋ ਸਕਦਾ ਹੈ। ਹਾਲਾਂਕਿ ਕੰਨਾਂ ਦੀਆਂ ਜ਼ਿਆਦਾਤਰ ਲਾਗਾਂ ਕਿਸੇ ਗੰਭੀਰ ਪ੍ਰਭਾਵ ਦੇ ਬਿਨਾਂ ਠੀਕ ਹੋ ਜਾਂਦੀਆਂ ਹਨ, ਥੋੜ੍ਹੇ ਸਮੇਂ ਲਈ ਸੁਣਨ ਸ਼ਕਤੀ ਵਿੱਚ ਹਲਕੀ ਜਿਹੀ ਕਮੀ ਹੋ ਸਕਦੀ ਹੈ (ਦੋ ਤੋਂ ਤਿੰਨ ਹਫ਼ਤਿਆਂ ਲਈ)।

1

ਉਹ ਗਰਮ ਅਤੇ ਚਿੜਚਿੜਾ ਹੈ, ਉਸ ਦੀਆਂ ਗ੍ਰੰਥੀਆਂ ਸੁੱਜੀਆਂ ਹੋਈਆਂ ਹਨ, ਉਹ ਭੋਜਨ ਨਹੀਂ ਲੈ ਰਿਹਾ ਹੈ ਅਤੇ ਉਸ ਨੂੰ ਜ਼ੁਕਾਮ ਹੈ।

2

ਤੁਹਾਡੇ ਬੱਚੇ ਦਾ ਦੂਜੇ ਬੱਚਿਆਂ ਨਾਲ ਬਹੁਤ ਜ਼ਿਆਦਾ ਸੰਪਰਕ ਹੁੰਦਾ ਹੈ। ਹੋ ਸਕਦਾ ਹੈ ਉਸ ਨੂੰ ਕੰਨਾਂ ਦੀ ਲਾਗ ਹੋਵੇ।

3

ਆਪਣੀ ਪ੍ਰੈਕਟਿਸ ਨਰਸ ਜਾਂ ਆਪਣੇ ਜੀਪੀ ਕੋਲ ਜਾਓ, ਜੋ ਸਮੱਸਿਆ ਦਾ ਕਾਰਨ ਲੱਭਣ ਲਈ ਤੁਹਾਡੇ ਬੱਚੇ ਦੇ ਕੰਨਾਂ ਨੂੰ ਦੇਖਣਗੇ।

ਉੱਪਰ ਦਿੱਤੀ ਜਾਣਕਾਰੀ ਵਿਸ਼ੇਸ਼ੱਗ ਇਲਾਜ ਦੀ ਜਗ੍ਹਾ ਨਹੀਂ ਲੈ ਸਕਦੀ ਹੈ। ਜੇ ਤੁਹਾਨੂੰ ਚਿੰਤਾ ਹੋਵੇ ਤਾਂ NHS 111 ਤੇ ਕਾਲ ਕਰੋ ਜਾਂ ਪ੍ਰੈਕਟਿਸ ਨਰਸ ਜਾਂ ਆਪਣੇ ਜੀਪੀ ਨਾਲ ਸੰਪਰਕ ਕਰੋ।